**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

1.ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਪੰਜਾਬ।

2. ਰਾਜ ਦੇ ਸਮੂਹ ਸਰਕਾਰੀ ਹਾਈ/ਸੀ.ਸੈਕੰ ਸਕੂਲਾਂ ਦੇ ਮੁਖੀ(ਵੈੱਬਸਾਈਟ ਰਾਹੀਂ)

ਮੀਮੋ ਨੰ: 18/2-2008/RMSA/26282-26301
ਮਿਤੀ, ਚੰਡੀਗੜ੍ਹ:22-02-2010

**ਵਿਸ਼ਾ:- ਆਰ.ਐਮ.ਐਸ.ਏ ਵਰਕ ਪਲਾਨ 2009-10 ਦੇ ਤਹਿਤ ਅਧਿਆਪਕਾਂ ਦੀ ਇੱਕ ਰੋਜ਼ਾ ਟ੍ਰੇਨਿੰਗ ਸੰਬੰਧੀ।**

1.0 ਉਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਰ.ਐਮ.ਐਸ.ਏ ਤਹਿਤ ਪੰਜਾਬ ਦੇ ਸਾਰੇ ਹਾਈ ਅਤੇ ਸੈਕੰਡਰੀ ਸਕੂਲਾਂ ਦੇ ਮੁੱਖੀ ਅਤੇ ਨੌਵੀਂ ਅਤੇ ਦਸਵੀਂ ਜਮਾਤਾਂ ਨੂੰ ਪੜ੍ਹਾਉਂਦੇ ਅਧਿਆਪਕਾਂ ਨੂੰ ਪੰਜ ਘੰਟਿਆਂ ਦੀ ਕੰਪਿਊਟਰ ਟ੍ਰੇਨਿੰਗ ਸਕੂਲ ਪੱਧਰ ਤੇ ਹੀ ਸਕੂਲ ਦੇ ਕਿਸੇ ਇੱਕ ਕੰਪਿਊਟਰ ਫੈਕਲਟੀ ਵੱਲੋਂ ਦਿੱਤੀ ਜਾਵੇਗੀ।

3.0 ਕੰਪਿਊਟਰ ਟ੍ਰੇਨਿੰਗ ਮਿਤੀ 23 ਫਰਵਰੀ ਤੋਂ 27 ਫਰਵਰੀ 2010 ਤੱਕ ਬਾ:ਦੁ: 2:00 ਵਜੇ ਤੋਂ 3:00 ਵਜੇ ਤੱਕ ਕਰਵਾਈ ਜਾਵੇਗੀ। ਕੁੱਲ 5 ਘੰਟੇ ਦੀ ਇਸ ਟ੍ਰੇਨਿੰਗ ਨੂੰ ਇੱਕ ਦਿਨ ਦੀ ਟ੍ਰੇਨਿੰਗ ਦੇ ਬਰਾਬਰ ਮੰਨ ਲਿਆ ਜਾਵੇਗਾ।

4.0 ਟ੍ਰੇਨਿੰਗ ਦੌਰਾਨ ਅਧਿਆਪਕਾਂ ਨੂੰ ਕੰਪਿਊਟਰ ਸੰਬੰਧੀ ਮੁੱਢਲੀ ਜਾਣਕਾਰੀ ਤੋਂ ਇਲਾਵਾ ਇੰਟਰਨੈਟ ਸਰਫਿੰਗ ਅਤੇ ਈ-ਮੇਲ ਕਰਨ ਦੀ ਸਿਖਲਾਈ ਦਿੱਤੀ ਜਾਵੇ।

5.0 ਟ੍ਰੇਨਿੰਗ ਲਈ ਹਰ ਤਰ੍ਹਾਂ ਦਾ ਲੋੜੀਂਦਾ ਪ੍ਰਬੰਧ ਅਤੇ ਪੀਰੀਅਡਾਂ ਦੀ ਐਡਜੈਸਟਮੈਂਟ ਸਕੂਲ ਮੁਖੀ ਵੱਲੋਂ ਕੀਤੀ ਜਾਵੇ।

6.0 ਟ੍ਰੇਨਿੰਗ ਦਿੱਤੇ ਜਾਣ ਉਪਰੰਤ ਕੰਪਿਊਟਰ ਫੈਕਲਟੀ ਵੱਲੋਂ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਦਾ ਟੈਸਟ ਆਪਣੇ ਪੱਧਰ ਤੇ ਹੀ ਲਿਆ ਜਾਵੇਗਾ।ਸਕੂਲ ਮੁਖੀ ਆਪਣੇ ਸਕੂਲ ਦੇ ਅਧਿਆਪਕਾਂ ਦੁਆਰਾ ਸਫਲਤਾ ਪੂਰਵਕ ਟ੍ਰੇਨਿੰਗ ਪ੍ਰਾਪਤ ਕਰ ਲਏ ਜਾਣ ਦਾ ਸਰਟੀਫਿਕੇਟ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਨੂੰ ਹਰ ਹਾਲਤ 02-03-2010 ਤੱਕ ਪੁੱਜਦਾ ਕਰਨਗੇ।

7.0 ਪੰਜ ਘੰਟਿਆਂ ਦੀ ਕੰਪਿਊਟਰ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਸਾਰੇ ਮੁੱਖ ਅਧਿਆਪਕਾਂ/ਅਧਿਆਪਕਾਂ ਨੂੰ ਉੱਕਾ-ਪੱਕਾ 50 ਰੁ: ਬਤੌਰ ਡੀ.ਏ/ ਸਟੇਸ਼ਨਰੀ ਵਜੋਂ ਦਿੱਤਾ ਜਾਵੇਗਾ ਅਤੇ ਟ੍ਰੇਨਿੰਗ ਪ੍ਰਦਾਨ ਕਰਨ ਵਾਲੇ ਕੰਪਿਊਟਰ ਫੈਕਲਟੀ ਨੂੰ 100 ਰੁਪਏ ਬਤੌਰ ਰਿਸੋਰਸ ਪਰਸਨ ਮਾਣ-ਭੱਤਾ ਦਿੱਤਾ ਜਾਵੇਗਾ।

8.0 ਇਸ ਟ੍ਰੇਨਿੰਗ ਦੀ ਮੋਨੀਟਰਿੰਗ ਅਤੇ ਟ੍ਰੇਨਿੰਗ ਨਾਲ ਸੰਬੰਧਤ ਹਰ ਤਰ੍ਹਾਂ ਦੇ ਖਰਚੇ ਦੀ ਅਦਾਇਗੀ ਆਰ.ਐਮ.ਐਸ.ਏ ਦੇ ਟੀਚਰ ਟ੍ਰੇਨਿੰਗ ਫੰਡ ਵਿੱਚੋਂ ਕੀਤੀ ਜਾਵੇਗੀ ਅਤੇ ਹਿਸਾਬ-ਕਿਤਾਬ ਦਾ ਰੱਖ-ਰਖਾਵ ਵੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਵੱਲੋਂ ਰੱਖਿਆ ਜਾਵੇਗਾ।

9.0 ਉਕਤ ਸੰਬੰਧੀ ਪਾਲਣਾ ਯਕੀਨੀ ਬਣਾਈ ਜਾਵੇ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ**
**ਪੰਜਾਬ, ਚੰਡੀਗੜ੍ਹ।**